BRITISH COLUMBIA HealthLinkBC

Punjabi - Number 41h
Traveller's Series - March 2021

# ਜਪਾਨੀ ਏਨਸਿਫਾਲਾਇਟਸ ਵੈਕਸੀਨ
## Japanese Encephalitis Vaccine

ਸਫਰ ਤੋਂ ਪਹਿਲਾਂ ਲਗਵਾਈਆਂ ਜਾਣ ਵਾਲੀਆਂ ਵੈਕਸੀਨਾਂ ਦੀ ਸਿਫਾਰਸ਼ ਕਈ ਮੁਲਕਾਂ ਵਿੱਚ ਸਫਰ ਜਾਂ ਕੰਮ ਕਰ ਰਹੇ ਲੋਕਾਂ ਲਈ ਕੀਤੀ ਜਾਂਦੀ ਹੈ। ਤੁਹਾਡੇ ਸਫਰ ਕਰਨ ਤੋਂ ਘੱਟੋ ਘੱਟ 6 ਤੋਂ 8 ਹਫਤੇ ਪਹਿਲਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰਨਾ ਜਾਂ ਕਿਸੇ ਟਰੈਵਲ ਕਲੀਨਿਕ ਵਿੱਚ ਜਾਣਾ ਮਹੱਤਵਪੂਰਨ ਹੈ।

ਸਫਰ ਤੋਂ ਪਹਿਲਾਂ ਲਗਵਾਈਆਂ ਜਾਣ ਵਾਲੀਆਂ ਜ਼ਿਆਦਾਤਰ ਵੈਕਸੀਨਾਂ ਸੂਬੇ ਦੀ ਮੈਡੀਕਲ ਸਰਵਿਸਿਜ ਪਲੈਨ (ਐਮਐਸਪੀ) ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ। ਕੀਮਤ ਪਤਾ ਕਰਨ ਲਈ ਤੁਸੀਂ ਆਪਣੇ ਸਥਾਨਕ ਟਰੈਵਲ ਕਲੀਨਿਕ ਨਾਲ ਜਾਂਚ ਕਰ ਸਕਦੇ ਹੋ।

ਅਤੀਤ ਵਿੱਚ ਆਪਣੇ ਦੁਆਰਾ ਲਗਵਾਈਆਂ ਗਈਆਂ ਸਾਰੀਆਂ ਵੈਕਸੀਨਾਂ ਦਾ ਰਿਕਾਰਡ ਟਰੈਵਲ ਕਲੀਨਿਕ ਵਿੱਚ ਲੈਕੇ ਜਾਓ। ਤੁਹਾਡੇ ਦੁਆਰਾ ਸਫਰ ਲਈ ਲਗਵਾਈਆਂ ਗਈਆਂ ਸਾਰੀਆਂ ਵੈਕਸੀਨਾਂ ਦਾ ਰਿਕਾਰਡ ਰੱਖਣਾ ਅਤੇ ਉਸਨੂੰ ਆਪਣੀ ਯਾਤਰਾ ਤੇ ਆਪਣੇ ਨਾਲ ਲੈਕੇ ਜਾਣਾ ਖਾਸ ਕਰਕੇ ਮਹੱਤਵਪੂਰਨ ਹੈ।

### ਜਪਾਨੀ ਏਨਸਿਫਾਲਾਇਟਸ ਵੈਕਸੀਨ ਕੀ ਹੈ?

ਜਪਾਨੀ ਏਨਸਿਫਾਲਾਇਟਸ ਵੈਕਸੀਨ, ਜਪਾਨੀ ਏਨਸਿਫਾਲਾਇਟਸ ਵਾਇਰਸ, ਜੋ ਕਿ ਵਿਗਾੜਗ੍ਰਸਤ ਮੱਛਰਾਂ ਦੁਆਰਾ ਫੈਲਣ ਵਾਲਾ ਵਿਗਾੜ ਹੈ, ਦੇ ਵਿਰੁੱਧ ਰੱਖਿਆ ਕਰਨ ਵਿੱਚ ਸਹਾਇਤਾ ਕਰਦੀ ਹੈ। ਇਹ ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

### ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਜੇ ਤੁਸੀਂ 1 ਮਹੀਨੇ ਜਾਂ ਉਸ ਤੋਂ ਵੱਧ ਲਈ ਪੂਰਬੀ ਏਸ਼ੀਆ, ਦੱਖਣੀ ਏਸ਼ੀਆ ਜਾਂ ਪੱਛਮੀ ਪੈਸੀਫਿਕ ਖੇਤਰਾਂ ਵਿੱਚ ਸਫਰ ਜਾਂ ਕੰਮ ਕਰ ਰਹੇ ਹੋ ਤਾਂ ਤੁਹਾਨੂੰ ਵੈਕਸੀਨ ਲਗਵਾਉਣ ਦੀ ਲੋੜ ਹੋ ਸਕਦੀ ਹੈ।

ਵਾਇਰਸ ਨਾਲ ਗ੍ਰਸਤ ਹੋਣ ਦਾ ਖਤਰਾ ਸਫਰ ਦੇ ਮੌਸਮ, ਸਥਾਨ, ਠਹਿਰਨ ਦੀ ਮਿਆਦ, ਅਤੇ ਤੁਹਾਡੇ ਦੁਆਰਾ ਭਾਗ ਲਈਆਂ ਗਈਆਂ ਗਤੀਵਿਧੀਆਂ ਦੀ ਕਿਸਮ ਤੇ ਨਿਰਭਰ ਕਰਦਾ ਹੈ। ਆਮਤੌਰ ਤੇ, ਵਿਗਾੜਗ੍ਰਸਤ ਹੋਣ ਦਾ ਖਤਰਾ ਖੇਤੀਬਾੜੀ ਜਾਂ ਵਾਹੀ ਵਾਲੇ ਖੇਤਰਾਂ ਵਿੱਚ ਜਿਆਦਾ ਹੁੰਦਾ ਹੈ। ਟਰੈਵਲ ਕਲੀਨਿਕ ਦੇ ਡਾਕਟਰ ਜਾਂ ਨਰਸ ਤੁਹਾਨੂੰ ਸਲਾਹ ਦੇਣਗੇ ਜੇ ਤੁਹਾਨੂੰ ਵੈਕਸੀਨ ਲਗਵਾਉਣ ਦੀ ਲੋੜ ਹੈ।

ਇਹ ਵੈਕਸੀਨ ਬਾਲਗਾਂ ਅਤੇ 2 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਮਾਨਤਾ ਪ੍ਰਾਪਤ ਹੈ। ਇਹ ਬਾਲਗਾਂ ਲਈ 7 ਜਾਂ 28 ਦਿਨਾਂ ਦੇ ਫਾਸਲੇ ਤੇ 2 ਖੁਰਾਕਾਂ ਜਾਂ ਟੀਕਿਆਂ ਦੀ ਲੜੀ ਦੀ ਤਰ੍ਹਾਂ ਦਿੱਤੀ ਜਾਂਦੀ ਹੈ। 18 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਦੇ ਲਈ, 28 ਦਿਨਾਂ ਦੇ ਫਾਸਲੇ ਤੇ 2 ਖੁਰਾਕਾਂ ਜਾਂ ਟੀਕੇ ਦਿਓ। ਜੇ ਤੁਸੀਂ ਇਹ ਵਾਇਰਸ ਪਾਏ ਜਾਣ ਵਾਲੇ ਖੇਤਰਾਂ ਵਿੱਚ ਸਫਰ ਜਾਂ ਕੰਮ ਕਰਨਾ ਜਾਰੀ ਰੱਖਦੇ ਹੋ ਤਾਂ ਤੁਹਾਨੂੰ 12 ਤੋਂ 24 ਮਹੀਨਿਆਂ ਬਾਅਦ ਇੱਕ ਵਾਧੂ ਖੁਰਾਕ, ਜਿਸ ਨੂੰ ਬੂਸਟਰ ਕਿਹਾ ਜਾਂਦਾ ਹੈ, ਲਗਵਾਉਣੀ ਚਾਹੀਦੀ ਹੈ। ਘੱਟੋ ਘੱਟ 10 ਸਾਲਾਂ ਦੇ ਲਈ ਦੂਸਰੀ ਬੂਸਟਰ ਦੀ ਲੋੜ ਨਹੀਂ ਹੈ।

### ਸਭ ਤੋਂ ਵੱਧ ਜੋਖਮ ਕਿਸ ਨੂੰ ਹੈ?

ਛੋਟੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਗੰਭੀਰ ਰੂਪ ਨਾਲ ਬਿਮਾਰ ਹੋਣ ਦਾ ਸਭ ਤੋਂ ਵੱਧ ਜੋਖਮ ਹੈ।

ਨਿਆਣੇ ਜਾਂ ਛੋਟੇ ਬੱਚੇ ਦੇ ਨਾਲ ਉੱਚ ਜੋਖਮ ਵਾਲੇ ਖੇਤਰਾਂ ਵਿੱਚ ਸਫਰ ਨਾ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜੇ ਸਫਰ ਤੋਂ ਬਚਿਆ ਨਹੀਂ ਜਾ ਸਕਦਾ, ਤਾਂ ਮੱਛਰਾਂ ਦੁਆਰਾ ਕੱਟੇ ਜਾਣ ਤੋਂ ਬਚਣ ਲਈ ਰੱਖਿਅਕ ਉਪਾਅ ਵਰਤੋ। ਮੱਛਰਾਂ ਦੇ ਕੱਟਣ ਨੂੰ ਰੋਕਣ ਬਾਰੇ ਹੋਰ ਜਾਣਕਾਰੀ ਲਈ, HealthLinkBC File #41f ਮਲੇਰੀਆ ਦੀ ਰੋਕਥਾਮ ਦੇਖੋ।

ਜੇ ਤੁਹਾਡਾ ਬੱਚਾ ਸਮੇਂ ਦੀ ਲੰਬੀ ਮਿਆਦ ਲਈ ਸਫਰ ਕਰੇਗਾ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਜਪਾਨੀ ਏਨਸਿਫਾਲਾਇਟਸ ਦੇ ਖਤਰਿਆਂ ਬਾਰੇ ਚਰਚਾ ਕਰੋ। ਆਪਣੇ ਜਾਣ ਤੋਂ ਪਹਿਲਾਂ ਆਪਣੇ ਬੱਚੇ ਦੁਆਰਾ ਕੈਨੇਡਾ ਵਿੱਚ ਮਾਨਤਾ ਪ੍ਰਾਪਤ ਜਪਾਨੀ ਏਨਸਿਫਾਲਾਇਟਸ ਵੈਕਸੀਨ ਪ੍ਰਾਪਤ ਕਰਨ ਦੇ ਲਾਭਾਂ ਬਾਰੇ ਚਰਚਾ ਕਰੋ। ਸਮੇਂ ਦੀ ਲੰਬੀ ਮਿਆਦ , ਜੁਲਾਈ ਤੋਂ ਅਕਤੂਬਰ ਦੇ ਉੱਚ ਜੋਖਮ ਵਾਲੇ ਮੌਸਮ ਦੇ ਦੌਰਾਨ 1 ਮਹੀਨੇ ਤੋਂ ਵੱਧ ਜਾਂ ਬਾਕੀ ਦੇ ਸਾਲ ਦੇ ਦੌਰਾਨ 6 ਮਹੀਨਆਂ ਤੋਂ ਵੱਧ ਹੈ।

### ਵੈਕਸੀਨ ਦੇ ਕੀ ਲਾਭ ਹਨ?

ਜਪਾਨੀ ਏਨਸਿਫਾਲਾਇਟਸ ਵੈਕਸੀਨ ਜਪਾਨੀ ਏਨਸਿਫਾਲਾਇਟਸ ਵਾਇਰਸ, ਜੋ ਇੱਕ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਵਿਗਾੜ ਹੈ, ਦੇ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਕਿਉਂਕਿ ਵੈਕਸੀਨ ਪੂਰੀ ਸੁਰੱਖਿਆ ਪ੍ਰਦਾਨ ਨਹੀਂ ਕਰਦੀ, ਸਫਰ ਕਰਨ ਦੇ ਦੌਰਾਨ ਮੱਛਰਾਂ ਦੇ ਕੱਟਣ ਨੂੰ ਰੋਕਿਆ ਜਾਣਾ ਵੀ ਮਹੱਤਵਪੂਰਨ ਹੈ।

### ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਜਪਾਨੀ ਏਨਸਿਫਾਲਾਇਟਸ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਜਾਂ ਸੋਜ ਸ਼ਾਮਲ ਹੋ ਸਕਦੇ ਹਨ। ਬੁਖਾਰ, ਸਿਰਦਰਦ, ਰੈਸ਼, ਮਾਸਪੇਸ਼ੀਆਂ ਵਿੱਚ ਦਰਦ ਅਤੇ ਤਬੀਅਤ ਠੀਕ ਨਾ ਲੱਗਣਾ ਵੀ ਆਮ ਹਨ। ਵਿਰਲੀਆਂ ਪ੍ਰਤੀਕ੍ਰਿਆਵਾਂ ਵਿੱਚ ਸ਼ਾਮਲ ਹਨ, ਹਲਕਾ ਏਨਸਿਫਾਲਾਇਟਿਸ, ਚੱਕਰ ਆਉਣੇ ਅਤੇ ਉਲਟੀਆਂ। ਇਹ ਪ੍ਰਤੀਕ੍ਰਿਆਵਾਂ ਵੈਕਸੀਨ ਲਗਵਾਉਣ ਦੇ ਬਾਅਦ ਜਲਦੀ ਹੀ ਸ਼ੁਰੂ ਹੋ ਸਕਦੀਆਂ ਹਨ ਅਤੇ ਕਈ ਦਿਨਾਂ ਤੱਕ ਜਾਰੀ ਰਹਿ ਸਕਦੀਆਂ ਹਨ।

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਾਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ (ASA) (ਉਦਾਹਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

* 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰਾਈ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ ਸ਼ਾਮਲ ਹੈ। ਜੇ ਅਜਿਹੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਜਪਾਨੀ ਏਨਸਿਫਾਲਾਇਟਿਸ ਕੀ ਹੈ?

ਜਪਾਨੀ ਏਨਸਿਫਾਲਾਇਟਿਸ ਇੱਕ ਵਾਇਰਸ ਕਰਕੇ ਹੋਣ ਵਾਲਾ ਗੰਭੀਰ ਅਤੇ ਜਾਨ ਨੂੰ ਖਤਰੇ ਵਿੱਚ ਪਾਉਣ ਵਾਲਾ ਵਿਗਾੜ ਹੈ। ਲੱਛਣ ਵਿਗਾੜ ਤੋਂ 5 ਤੋਂ 15 ਦਿਨਾਂ ਦੇ ਬਾਅਦ ਦਿਖਾਈ ਦਿੰਦੇ ਹਨ।

ਵਾਇਰਸ ਨਾਲ ਵਿਗਾੜਗ੍ਰਸਤ ਹੋਣ ਵਾਲੇ 200 ਲੋਕਾਂ ਵਿੱਚੋਂ ਲਗਭਗ 1 ਵਿਅਕਤੀ ਏਨਸਿਫਾਲਾਇਟਿਸ, ਜੋ ਕਿ ਦਿਮਾਗ ਦੀ ਜਲਨ ਜਾਂ ਸੋਜ ਹੈ, ਵਿਕਸਤ ਕਰੇਗਾ। ਇੰਨ੍ਹਾਂ ਵਿੱਚੋਂ ਅੱਧਿਆਂ ਤੋਂ ਵੱਧ ਦੀ ਮੌਤ ਹੋ ਜਾਏਗੀ ਜਾਂ ਉਨ੍ਹਾਂ ਨੂੰ ਦਿਮਾਗ ਦਾ ਸਥਾਈ ਨੁਕਸਾਨ ਹੋਏਗਾ। ਗਰਭ ਦੇ ਪਹਿਲੇ 6 ਮਹੀਨਿਆਂ ਵਿੱਚ ਵਿਗਾੜਗ੍ਰਸਤ ਹੋਣ ਦਾ ਨਤੀਜਾ ਬੱਚੇ ਦਾ ਵਿਗਾੜਗ੍ਰਸਤ ਹੋਣਾ ਅਤੇ ਗਰਭਪਾਤ ਹੋ ਸਕਦਾ ਹੈ। ਆਪਣੇ ਸ਼ੁਰੂ ਦੇ ਪੜਾਵਾਂ ਵਿੱਚ, ਜਪਾਨੀ ਏਨਸਿਫਾਲਾਇਟਿਸ ਫਲੂ-ਵਰਗੀ ਬਿਮਾਰੀ ਵਰਗੀ ਹੁੰਦੀ ਹੈ।

ਲੱਛਣਾਂ ਵਿੱਚ ਸਿਰਦਰਦ, ਬੁਖਾਰ, ਮਤਲੀ, ਉਲਟੀਆਂ, ਉਲਝਣ ਅਤੇ ਵਰਤਾਓ ਵਿੱਚ ਦੂਸਰੀਆਂ ਤਬਦੀਲੀਆਂ ਸ਼ਾਮਲ ਹੋ ਸਕਦੇ ਹਨ। ਵਰਤਮਾਨ ਸਮੇਂ ਤੇ, ਇਸ ਬਿਮਾਰੀ ਦੇ ਇਲਾਜ ਲਈ ਕੋਈ ਦਵਾਈ ਨਹੀਂ ਹੈ।

ਜਪਾਨੀ ਏਨਸਿਫਾਲਾਇਟਿਸ ਵਾਇਰਸ ਦੱਖਣੀ ਅਤੇ ਪੂਰਬੀ ਏਸ਼ੀਆ ਅਤੇ ਪੱਛਮੀ ਪੈਸੀਫਿਕ ਖੇਤਰਾਂ ਵਿੱਚ ਰਹਿਣ ਵਾਲੇ ਵਿਗਾੜਗ੍ਰਸਤ ਮੱਛਰਾਂ ਦੇ ਕੱਟਣ ਦੁਆਰਾ ਲੋਕਾਂ ਤੱਕ ਫੈਲਦਾ ਹੈ। ਇਹ ਵਾਇਰਸ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਜਾਂ ਕੈਨੇਡਾ ਵਿਚਲੇ ਮੱਛਰਾਂ ਦੁਆਰਾ ਨਹੀਂ ਫੈਲ ਸਕਦਾ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

## ਹੋਰ ਜਾਣਕਾਰੀ ਲਈ

ਬੀ.ਸੀ. ਵਿਚਲੇ ਟਰੈਵਲ ਕਲੀਨਿਕਾਂ ਦੀ ਸੂਚੀ ਲਈ, ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਤੇ ਜਾਓ: www.canada.ca/en/public-health/services/travel-health/yellow-fever/vaccination-centres-canada-british-columbia.html.

ਟਰੈਵਲ ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਈ, HealthLinkBC File #41c ਬਾਲਗਾਂ ਲਈ ਟਰੈਵਲ ਇੰਮਿਊਨਾਈਜ਼ੇਸ਼ਨਜ਼ ਦੇਖੋ।

ਕੀੜਿਆਂ ਦੇ ਕੱਟਣ ਦੀ ਰੋਕਥਾਮ ਬਾਰੇ ਜਾਣਕਾਰੀ ਲਈ, ਕੈਨੇਡਾ ਸਰਕਾਰ – ਇੰਨਸੈਕਟ ਬਾਇਟ ਪ੍ਰੀਵੈਨਸ਼ਨ ਤੇ ਜਾਓ: www.canada.ca/en/public-health/services/diseases/insect-bite-prevention.html.